## ਭਗਤ ਕਬੀਰ - ਸਬਦ ੫

## ਅਹਿਨਿਸਿ ਏਕ ਨਾਮ ਜੋ ਜਾਗੇ ॥

## ਰਾਗੁ ਗਉੜੀ ਗੁਆਰੇਰੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੩੦

ਅਹਿਨਿਸਿ ਏਕ ਨਾਮ ਜੋ ਜਾਗੇ ॥
ਕੇਤਕ ਸਿਧ ਭਏ ਲਿਵ ਲਾਗੇ ॥੧॥ ਰਹਾਉ ॥
ਸਾਧਕ ਸਿਧ ਸਗਲ ਮੁਨਿ ਹਾਰੇ ॥
ਏਕ ਨਾਮ ਕਲਿਪ ਤਰ ਤਾਰੇ ॥੧॥
ਜੋ ਹਰਿ ਹਰੇ ਸੁ ਹੋਹਿ ਨ ਆਨਾ ॥
ਕਹਿ ਕਬੀਰ ਰਾਮ ਨਾਮ ਪਛਾਨਾ ॥੨॥੩੭॥

**ਸਾਰ:** ਕੁਦਰਤ ਦੇ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੋਣ ਵਾਲੀ ਇੱਕ ਵਿਸ਼ਵਵਿਆਪੀ ਊਰਜਾ ਵਿਚ ਵਿਸ਼ਵਾਸ ਰੱਖਣ ਦਾ ਸਿਧਾਂਤ ਬਹੁਤ ਸਾਰੀਆਂ ਅਧਿਆਤਮਿਕ ਪਰੰਪਰਾਵਾਂ ਵਿਚ ਬੁਨਿਆਦੀ ਹੈ। ਜਿਵੇਂ-ਜਿਵੇਂ ਜੀਵ ਇਸ ਸਿਧਾਂਤ ਵਿਚ ਡੂੰਘੇ ਉਤਰਦੇ ਹਨ, ਉਹ ਸਮੁਚੀ ਸ੍ਰਿਸ਼ਟੀ ਨੂੰ ਜੋੜਣ ਵਾਲੇ ਵਿਸ਼ਵਵਿਆਪੀ ਸਚ ਨੂੰ ਜਾਣ ਜਾਂਦੇ ਹਨ। ਇਸ ਜਾਗਰੂਕਤਾ ਨਾਲ ਇਕਸੁਰ ਹੋ, ਉਹ ਬ੍ਰਹਿਮੰਡ ਨਾਲ ਏਕਤਾ ਦੀ ਭਾਵਨਾ ਪੈਦਾ ਕਰ ਲੈਂਦੇ ਹਨ। ਅਜਿਹੇ ਜੀਵ ਪ੍ਰਮਾਣਿਕਤਾ ਦਾ ਜੀਵਨ ਜੀਉਂਦੇ ਹਨ ਅਤੇ ਰੂਹਾਨੀ ਜੀਵਾਂ ਦੇ ਤੌਰ ਤੇ ਸਨਮਾਨੇ ਜਾਂਦੇ ਹਨ।

ਅਹਿਨਿਸਿ ਏਕ ਨਾਮ ਜੋ ਜਾਗੇ ॥
ਜੋ ਨਿਰੰਤਰ ਏਕਤਾ ਦਾ ਅਭਿਆਸ ਕਰਦੇ ਹਨ ਉਹ ਰੂਹਾਨੀ ਤੌਰ ਤੇ ਜਾਗ੍ਰਿਤ ਹੋ ਜਾਂਦੇ ਹਨ।

ਕੇਤਕ ਸਿਧ ਭਏ ਲਿਵ ਲਾਗੇ ॥੧॥ ਰਹਾਉ ॥
ਉਨ੍ਹਾਂ ਵਿੱਚੋਂ ਬਹੁਤ ਸਾਰੇ ਜਾਗ੍ਰਿਤ ਹੋ ਜਾਂਦੇ ਹਨ ਅਤੇ ਆਪਣੀ ਚੇਤਨਾ ਨਾਲ ਇਕਸੁਰ ਹੋ ਜਾਂਦੇ ਹਨ। (੧)(ਠਹਿਰਾਉ)

ਸਾਧਕ ਸਿਧ ਸਗਲ ਮੁਨਿ ਹਾਰੇ ॥
ਤਪ ਕਰਨੇ, ਕਰਾਮਾਤਾਂ ਵਿਖਾਉਣੀਆਂ, ਸੰਨਿਆਸੀ ਬਣੇ ਰਹਿਣ, ਮੋਨ ਧਾਰਨ ਕਰਨ ਦੇ ਬਾਵਜੂਦ ਵੀ ਬਹੁਤ ਸਾਰੇ ਸਾਧਕ ਉਦੇਸ਼ ਪ੍ਰਾਪਤੀ ਵਿੱਚ ਅਸਫ਼ਲ ਹੋ ਜਾਂਦੇ ਹਨ।

ਏਕ ਨਾਮ ਕਲਿਪ ਤਰ ਤਾਰੇ ॥੧॥

ਉਹ ਜੋ ਦਿਲੋਂ ਏਕਤਾ ਚਾਹੁੰਦੇ ਹਨ, ਉਹਨਾਂ ਦੀ ਇੱਛਾ ਪੂਰੀ ਹੋ ਜਾਂਦੀ ਹੈ, ਅਤੇ ਉਹ ਸੱਚੀ ਮੁਕਤੀ ਦਾ ਅਨੁਭਵ ਕਰਦੇ ਹਨ। (੧)

ਜੋ ਹਰਿ ਹਰੇ ਸੁ ਹੋਹਿ ਨ ਆਨਾ ॥

ਉਹ ਵਧਦੇ-ਫੁੱਲਦੇ ਹਨ ਜੋ ਅਨੇਕਤਾ ਵਿੱਚ ਏਕਤਾ ਨੂੰ ਗਲੇ ਲਗਾਉਂਦੇ ਹਨ ਅਤੇ ਫਿਰ ਹੋਰ ਕੁਝ ਨਹੀਂ ਭਾਲਦੇ।

ਕਹਿ ਕਬੀਰ ਰਾਮ ਨਾਮ ਪਛਾਨਾ ॥੨॥੩੭॥

ਕਬੀਰ ਹੋਂਦ ਵਿੱਚ ਅਣਡਿਠ ਸਰਬ ਪਸਾਰੀ ਊਰਜਾ ਦੀ ਸਰਵ ਵਿਆਪਕਤਾ ਨੂੰ ਪਛਾਣਨ ਦੀ ਚੇਸ਼ਟਾ ਕਰਨ ਲਈ ਕਹਿੰਦੇ ਹਨ। (੨)(੩੭)

**ਤੱਤ:** ਭਗਤ ਕਬੀਰ ਸਾਨੂੰ ਸਾਰੇ ਜੀਵਾਂ ਵਿੱਚ ਵਹਿਣ ਵਾਲੀ ਇਕੋ-ਇਕ ਊਰਜਾ ਨੂੰ ਪਛਾਣਨ ਦੀ ਸਮਰੱਥਾ ਵਿਕਸਿਤ ਕਰਨ ਦੀ ਤਾਕੀਦ ਕਰਦੇ ਹਨ। ਉਹ ਇਸ ਉਪਰ ਟਿਪਣੀ ਕਰਦੇ ਹਨ ਕਿ ਬਹੁਤ ਸਾਰੇ ਜੋ ਕੇਵਲ ਕਰਮ ਕਾਂਡੀ ਮਾਰਗ ਉਪਰ ਹੀ ਚਲਦੇ ਹਨ ਉਹ ਅਜਿਹਾ ਕਰਦਿਆਂ ਅਕਸਰ ਆਪਣੇ ਰੂਹਾਨੀ ਉਦੇਸ਼ ਤੋਂ ਭਟਕ ਜਾਂਦੇ ਹਨ। ਵਖਰੇਵਿਆਂ ਤੋਂ ਪਾਰ ਦੇਖਣ ਅਤੇ ਸਾਰੀ ਸ੍ਰਿਸ਼ਟੀ ਨੂੰ ਬੰਨ੍ਹਣ ਵਾਲੀ ਏਕਤਾ ਨਾਲ ਜੁੜਨ ਨਾਲ ਹੀ ਸੱਚ ਦਾ ਅਹਿਸਾਸ ਹੁੰਦਾ ਹੈ। ਇਹ ਸੂਝ ਦਇਆ ਅਤੇ ਹਮਦਰਦੀ ਦੀ ਡੂੰਘੀ ਭਾਵਨਾ ਪੈਦਾ ਕਰਦੀ ਹੈ। ਉਹ ਜਿਹੜੇ ਇਸ ਦ੍ਰਿਸ਼ਟੀ ਨੂੰ ਧਾਰਨ ਕਰ ਲੈਂਦੇ ਉਹ ਹੋਂਦ ਦੀ ਅੰਤਰਸੰਬੰਧਤਾ ਨਾਲ ਜੁੜ ਜਾਂਦੇ ਹਨ, ਜੋ ਉਨ੍ਹਾਂ ਨੂੰ ਜੀਵਨ ਨੂੰ ਬਿਬੇਕ ਅਤੇ ਕ੍ਰਿਪਾ ਨਾਲ ਜੀਉਣ ਦੇ ਯੋਗ ਬਣਾਉਂਦੀ ਹੈ।

---

ਪਹਿਲਕਦਮੀ

**Oneness In Diversity Research Foundation**

**ਵੈੱਬਸਾਈਟ:** [OnenessInDiversity.com](OnenessInDiversity.com)

**ਈਮੇਲ: onenessindiversityfoundation@gmail.com**